ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)

# ਹੱਲ ਦਾ ਹਿੱਸਾ ਬਣੋ

## ਅਮਰੀਕਾ ਦੇ ਸ਼ਾਂਤੀਦੂਤ ਨਾਲ ਇੰਟਰਨ ਦੇ ਤੌਰ ਤੇ ਕੰਮ ਕਰਨ ਲਈ ਅਰਜ਼ੀ ਦਿਓ

ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service) (ਸੀ.ਆਰ.ਐਸ.) (CRS) ਬਹੁਭਾਂਤੀ ਅਕਾਦਮਿਕ ਪਿਛੋਕੜਾਂ ਤੋਂ ਵਿਦਿਆਰਥੀਆਂ ਦੀ ਭਾਲ ਕਰ ਰਿਹਾ ਹੈ ਜੋ ਪੂਰੇ ਦੇਸ਼ ਦੇ ਭਾਈਚਾਰਿਆਂ ਵਿੱਚ "ਅਮਰੀਕਾ ਦੇ ਸ਼ਾਂਤੀਦੂਤ" ਨਾਲ ਕੰਮ ਕਰਨਾ ਚਾਹੁੰਦੇ ਹੋਣ। ਸੀ.ਆਰ.ਐਸ.(CRS) ਦੇ ਇੰਟਰਨਸ਼ਿਪ ਪ੍ਰੋਗਰਾਮ ਦੇ ਰਾਹੀਂ, ਵਿਦਿਆਰਥੀ ਇੱਕ ਦੇਸ਼ ਵਿਆਪੀ ਪ੍ਰਭਾਵ ਵਾਲੀ ਫੈਡਰਲ ਏਜੰਸੀ ਨਾਲ ਕੰਮ ਕਰਨ ਦਾ ਅਨੁਭਵ ਪ੍ਰਾਪਤ ਕਰਦੇ ਹਨ – ਜਿਸ ਵਿੱਚ ਅੱਜ ਦੇ ਸਮੇਂ ਅੰਦਰ ਸਾਡੇ ਭਾਈਚਾਰਿਆਂ ਦੇ ਦਰਪੇਸ਼ ਵਿਵਾਦ, ਤਣਾਅ, ਨਫ਼ਰਤ ਅਪਰਾਧ, ਅਤੇ ਹੋਰ ਚੁਣੌਤੀਆਂ ਦੀ ਰੋਕਥਾਮ ਕਰਨਾ ਅਤੇ ਉਹਨਾਂ ਦਾ ਜਵਾਬ ਦੇਣਾ ਸ਼ਾਮਲ ਹੈ।

ਵਿਦਿਆਰਥੀਆਂ ਨੂੰ ਸੀ.ਆਰ.ਐਸ. (CRS) ਦੇ ਇੰਟਰਨਸ਼ਿਪ ਪ੍ਰੋਗਰਾਮ ਵਿੱਚ ਭਾਗ ਲੈਣ ਬਾਰੇ ਕਿਉਂ ਵਿਚਾਰ ਕਰਨਾ ਚਾਹੀਦਾ ਹੈ

### ਵਿਦਿਆਰਥੀ ਵਲੰਟੀਅਰ ਇੰਟਰਨਸ਼ਿਪ ਪ੍ਰੋਗਰਾਮ ਦੀ ਰੂਪ ਰੇਖਾ

**ਕੌਣ:** ਮੌਜੂਦਾ ਅੰਡਰ ਗਰੈਜੂਏਟ, ਗਰੈਜੂਏਟ, ਅਤੇ ਕਨੂੰਨ ਦੇ ਵਿਦਿਆਰਥੀ, ਜੋ ਕਿ ਸੀ.ਆਰ.ਐਸ. (CRS) ਦੇ ਮਿਸ਼ਨ ਦੇ ਸਮਰਥਨ ਵਿੱਚ, ਰਾਜ ਅਤੇ ਸਥਾਨਕ ਸਰਕਾਰਾਂ, ਨਿੱਜੀ ਜਾਂ ਜਨਤਕ ਸੰਸਥਾਵਾਂ, ਅਤੇ ਭਾਈਚਾਰੇ ਸਮੂਹਾਂ ਅਤੇ ਆਗੂਆਂ ਦੇ ਸਹਿਯੋਗ ਨਾਲ ਭਾਈਚਾਰੇ ਦੇ ਸੰਬੰਧਾਂ ਨੂੰ ਬਿਹਤਰ ਬਣਾਉਣ ਪ੍ਰਤੀ ਜੋਸ਼ ਨਾਲ ਭਰਪੂਰ ਹੋਣ। ਸੀ.ਆਰ.ਐਸ. (CRS) ਸਾਰੇ ਪ੍ਰਮੁੱਖ ਕੋਰਸਾਂ ਵਿੱਚੋਂ ਉਮੀਦਵਾਰਾਂ ਨੂੰ ਲੈਂਦਾ ਹੈ।

**ਕਿੱਥੇ:** ਵਿਦਿਆਰਥੀ ਇੰਟਰਨ ਕਰਨ ਲਈ ਵਾਸ਼ਿੰਗਟਨ, ਡੀ.ਸੀ. ਵਿੱਚ ਸੀ.ਆਰ.ਐਸ. (CRS) ਹੈੱਡਕਵਾਰਟਰਾਂ ਵਿਖੇ, ਜਾਂ ਪੂਰੇ ਦੇਸ਼ ਭਰ ਵਿੱਚ ਸਥਿਤ 10 ਖੇਤਰੀ ਦਫ਼ਤਰਾਂ ਜਾਂ ਚਾਰ ਫੀਲਡ ਦਫ਼ਤਰਾਂ ਵਿੱਚੋਂ ਕਿਸੀ ਇੱਕ ਵਿਖੇ ਦਰਖਾਸਤ ਦੇ ਸਕਦੇ ਹਨ। ਟਿਕਾਣਿਆਂ ਲਈ ਨਕਸ਼ੇ ਦੇ ਪਿਛਲੇ ਪਾਸੇ ਦੇਖੋ।

**ਕਦੋਂ** ਸੀ.ਆਰ.ਐਸ. (CRS) ਵੱਲੋਂ ਗਰਮੀ, ਪਤਝੜ, ਅਤੇ ਬਸੰਤ ਰੁੱਤ ਦੀਆਂ ਇੰਟਰਨਸ਼ਿਪਾਂ ਲਈ ਪੂਰਾ ਸਾਲ ਨਿਰੰਤਰ ਰੂਪ ਵਿੱਚ ਅਰਜੀਆਂ ਸਵੀਕਾਰ ਕੀਤੀਆਂ ਜਾਂਦੀਆਂ ਹਨ।



> ਸੀ.ਆਰ.ਐਸ. (CRS) ਵਿਖੇ ਇੰਟਰਨਸ਼ਿਪ ਨੇ ਨਾ ਸਿਰਫ਼ ਮੈਨੂੰ ਸਾਡੀ ਨਿਆਂ ਪ੍ਰਣਾਲੀ ਬਾਰੇ ਵਿਸਤ੍ਰਿਤ ਸਮਝ ਪ੍ਰਦਾਨ ਕੀਤੀ, ਬਲਕਿ ਸੀ.ਆਰ.ਐਸ. (CRS) ਦੇ ਆਲਾ ਫੋਕਸ ਬਾਰੇ ਵੀ ਅੰਤਰਦ੍ਰਿਸ਼ਟੀ ਪ੍ਰਾਪਤ ਕਰਨ ਦਾ ਮੌਕਾ ਦਿੱਤਾ। ਸੀ.ਆਰ.ਐਸ. (CRS) ਇੱਕ ਇਹੋ ਜਿਹੀ ਜਗ੍ਹਾ ਸੀ, ਜਿੱਥੇ ਨਾਗਰਿਕ ਅਧਿਕਾਰਾਂ ਸੰਬੰਧੀ ਸਮੱਸਿਆਵਾਂ ਲਈ ਮੇਰੇ ਉਤਸ਼ਾਹ ਨੂੰ ਭਾਈਚਾਰੇ ਦੇ ਸੰਬੰਧਾਂ ਨੂੰ ਬਿਹਤਰ ਬਣਾਉਣ, ਭਾਈਚਾਰੇ ਦੀ ਦ੍ਰਿੜ੍ਹਤਾ ਦਾ ਨਿਰਮਾਣ ਕਰਨ, ਅਤੇ ਸਕਾਰਾਤਮਕ ਸਰਕਾਰੀ ਕਾਰਜਾਂ ਪ੍ਰਤੀ ਮੇਰੀ ਰੁਚੀਆਂ ਨਾਲ ਜੋੜ ਦਿੱਤਾ ਗਿਆ। ਜੈਪ੍ਰੀਤ ਸੇਠੀ

**ਕੀ:** ਇੰਟਰਨਾਂ ਲਈ ਸੌਂਪੇ ਜਾਣ ਵਾਲੇ ਕੰਮਾਂ ਦੀ ਕਿਸਮ ਉਹਨਾਂ ਦੇ ਦਫ਼ਤਰ ਦੇ ਟਿਕਾਣੇ ਦੇ ਹਿਸਾਬ ਨਾਲ ਅਲੱਗ ਅਲੱਗ ਹੋ ਸਕਦੀ ਹੈ। ਉਦਾਹਰਨਾਂ ਵਿੱਚ ਸ਼ਾਮਲ ਹੈ:

- ਸੀਨੀਅਰ ਆਗੂਆਂ ਅਤੇ ਸਟਾਫ਼ ਦੀ ਖੋਜ ਅਤੇ ਲਿਖਾਈ, ਪ੍ਰੋਗਰਾਮ ਦੇ ਮੁਲਾਂਕਣ, ਖੇਤਰੀ ਕੇਸਾਂ ਦੀ ਸਮੀਖਿਆ, ਕਰਵਾਈਆਂ, ਅਤੇ ਭਾਈਚਾਰੇ ਦੀ ਵਿਵਾਦ ਨਿਵਾਰਨ ਰਣਨੀਤੀ ਦਾ ਵਿਸ਼ਲੇਸ਼ਣ ਕਰਨ ਵਿੱਚ ਸਹਾਇਤਾ ਕਰਨਾ।
- ਕਨੂੰਨੀ ਸਲਾਹਕਾਰ ਦੀ ਕੇਸਵਰਕ ਨਾਲ ਸੰਬੰਧਿਤ ਮੈਮੋਰੈਂਡਾ ਆਫ਼ ਅੰਡਰਸਟੈਂਡਿੰਗ (memoranda of understanding) ਅਤੇ ਜਾਣਕਾਰੀ ਦੀ ਆਜ਼ਾਦੀ ਸੰਬੰਧੀ ਅਧਿਨਿਯਮ (Freedom of Information Act) ਦੇ ਜਵਾਬਾਂ ਦੀ ਸਮੀਖਿਆ ਕਰਨ ਅਤੇ ਕਨੂੰਨੀ ਖੋਜ ਕਰਨ ਵਿੱਚ ਸਹਾਇਤਾ ਕਰਨਾ।
- ਖੇਤਰੀ ਸਟਾਫ਼ ਦੀ ਸੀ.ਆਰ.ਐਸ. (CRS) ਦੀਆਂ ਸੇਵਾਵਾਂ ਬਾਰੇ ਯੋਜਨਾ ਬਣਾਉਣ ਅਤੇ ਉਹਨਾਂ ਨੂੰ ਡਿਲੀਵਰ ਕਰਨ ਵਿੱਚ ਸਹਾਇਤਾ ਕਰਨਾ ਅਤੇ ਸਥਾਨਕ ਭਾਈਚਾਰੇ ਦੇ ਕੇਸਵਰਕ ਵਿੱਚ ਭਾਗ ਲੈਣਾ ਤਾਂ ਕਿ ਪੱਖਪਾਤ-ਆਧਾਰਿਤ ਘਟਨਾਵਾਂ ਜਾਂ ਨਫ਼ਰਤ ਅਪਰਾਧਾਂ ਦੀ ਵਜ੍ਹਾ ਨਾਲ ਹੋਣ ਵਾਲੇ ਤਣਾਅ ਨੂੰ ਘਟਾਇਆ ਜਾ ਸਕੇ।

**ਯੋਗਤਾ:**

- ਯੂ.ਐਸ. ਦਾ ਨਾਗਰਿਕ
- 18 ਸਾਲ ਦੀ ਉਮਰ ਜਾਂ ਉਸ ਤੋਂ ਵੱਧ
- ਮੌਜੂਦਾ ਕਿਸੇ ਅੰਡਰ ਗਰੈਜੂਏਟ, ਗਰੈਜੂਏਟ ਕੋਰਸ ਵਿੱਚ ਦਾਖ਼ਲ, ਜਾਂ ਕਨੂੰਨ ਦਾ ਵਿਦਿਆਰਥੀ
- ਅੰਤਿਮ ਮਨਜ਼ੂਰੀ ਤੋਂ ਪਹਿਲਾਂ ਸੁਰੱਖਿਆ ਪਿਛੋਕੜ ਜਾਂਚ ਪਾਸ ਕਰਨਾ ਲਾਜ਼ਮੀ ਹੈ

*(ਸੁਰੱਖਿਆ ਜਾਂਚਾਂ ਵਿੱਚ ਚਾਰ ਮਹੀਨੇ ਤੱਕ ਦਾ ਸਮਾਂ ਲੱਗ ਸਕਦਾ ਹੈ)*

**ਕਿਵੇਂ:** ਹੇਠਾਂ ਦਿੱਤੇ ਦਸਤਾਵੇਜ਼ਾਂ ਨੂੰ ਇੱਥੇ ਈਮੇਲ ਕਰਕੇ ਅਰਜ਼ੀ ਦਿਓ

CRSInternCoordinator@usdoj.gov:

- ਰੈਜ਼ਿਊਮੇ
- ਇੱਕ ਸੰਖੇਪ ਕਵਰ ਲੈਟਰ ਜੋ ਸੀ.ਆਰ.ਐਸ. (CRS) ਵਿੱਚ ਤੁਹਾਡੀ ਰੁਚੀ, ਉਪਲਬਧਤਾ ਦੀਆਂ ਤਾਰੀਖਾਂ, ਅਤੇ ਇੱਛਤ ਦਫ਼ਤਰ ਟਿਕਾਣੇ ਬਾਰੇ ਜਾਣਕਾਰੀ ਦਿੰਦਾ ਹੋਵੇ
- ਮੌਜੂਦਾ ਕਾਲਜ ਜਾਂ ਯੂਨੀਵਰਸਿਟੀ ਦੀ ਪ੍ਰਤਿਲਿਪੀ

*ਅਸੀਂ ਇਹ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਆਪਣੀ ਅਨੁਮਾਨਤ ਸ਼ੁਰੂ ਕਰਨ ਦੀ ਤਾਰੀਖ਼ ਤੋਂ ਘੱਟੋ-ਘੱਟ ਚਾਰ ਮਹੀਨੇ ਪਹਿਲਾਂ ਅਰਜ਼ੀ ਦਿਓ।*

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ CRSInternCoordinator@usdoj.gov ਨਾਲ ਸੰਪਰਕ ਕਰੋ

## ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤੇ, ਸੀ.ਆਰ.ਐਸ. (CRS) ਦੀਆਂ ਸੇਵਾਵਾਂ ਦਾ ਵਿਸਤਾਰ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਹੋਇਆ। ਸੀ.ਆਰ.ਐਸ. (CRS), ਸਯੁੰਕਤ ਰਾਜ ਦੇ ਨਿਆਂ ਵਿਭਾਗ ਦਾ ਇੱਕ ਹਿੱਸਾ, ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਰਾਹੀਂ, ਏਜੰਸੀ ਇਹੋ ਜਿਹੇ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਧ ਰਹੇ ਗਿਆਨ, ਸਮਝ ਅਤੇ ਬਿਹਤਰ ਅੰਦਰੂਨੀ ਸੰਚਾਰ ਰਾਹੀਂ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਦੀ ਸਮਰੱਥ ਨੂੰ ਵਧਾਉਂਦੀ ਹੈ।

## ਸੀ.ਆਰ.ਐਸ. (CRS) ਦੀਆਂ ਸੇਵਾਵਾਂ ਅਤੇ ਪ੍ਰੋਗਰਾਮ

ਸੀ.ਆਰ.ਐਸ. (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨੂੰ ਉਹ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਇੱਕ ਟੂਲ ਵਜੋਂ ਵਰਤ ਸਕਦੇ ਹਨ। ਸੀ.ਆਰ.ਐਸ. (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੇ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਵਿੱਚ ਅਨੁਭਵ ਰੱਖਦੇ ਹਨ।

## ਅਸੀਂ ਕਿੱਥੇ ਕੰਮ ਕਰਦੇ ਹਾਂ

**ਸੀ.ਆਰ.ਐਸ. (CRS) ਹੈੱਡਕੁਆਰਟਰ**
**ਵਾਸ਼ਿੰਗਟਨ, ਡੀ.ਸੀ.**
**ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ**

**ਨਿਊ ਇੰਗਲੈਂਡ**
ਬਾਸਟਨ, ਮੈਸਾਚੂਸੇਟਸ

**ਮਿਡਵੈਸਟ**
ਸ਼ਿਕਾਗੋ, ਇੱਲੀਨਾਏ

**ਵੈਸਟਰਨ**
ਲਾਸ ਐਂਜਲਿਸ, ਕੈਲੀਫੋਰਨੀਆ

**ਨਾਰਥਈਸਟ**
ਨਿਊ ਯਾਰਕ, ਨਿਊ ਯਾਰਕ

**ਸਾਊਥਵੈਸਟ**
ਡੈਲਾਸ, ਟੈਕਸਸ

**ਨਾਰਥਵੈਸਟ**
ਸੀਐਟਲ, ਵਾਸ਼ਿੰਗਟਨ


**ਮਿਡ-ਅਟਲਾਂਟਿਕ**
ਫ਼ਿਲਾਡੈਲਫਿਆ, ਪੈਨਸਿਲਵੇਨਿਆ

**ਸੈਂਟਰਲ**
ਕੈਨਸਾਸ ਸਿਟੀ, ਮਿਜ਼ੂਰੀ

**ਸਾਊਥਈਸਟ**
ਅਟਲਾਂਟਾ, ਜਾਰਜੀਆ

**ਰੋਕੀ ਮਾਊਂਟੇਨ**
ਡੈਨਵਰ, ਕੋਲੋਰਾਡੋ

**ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ**
ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ
ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ




## ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ

**www.justice.gov/crs**

facebook.com/DOJCRS/ | @DOJ_CRS | askcrs@usdoj.gov | 202.305.2935

ਇਸ ਪ੍ਰੋਗਰਾਮ ਬਾਰੇ ਜਾਂ ਸੀ.ਆਰ.ਐਸ. (CRS) ਦੀਆਂ ਹੋਰ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਸਥਾਨਕ ਸੀ.ਆਰ.ਐਸ. (CRS) ਦਫ਼ਤਰ ਨਾਲ ਸੰਪਰਕ ਕਰੋ:
https://www.justice.gov/crs/about-crs/regional-and-field-offices